THE PUNJAB STATE BOARD OF TECHNICAL
EDUCATION AND INDUSTRIAL TRAINING
PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ:ਪੀ.ਐਸ.ਬੀ./ਆਈ.ਟੀ./18/480 SCVT (ਅਤਿ ਜਰੂਰੀ) ਮਿਤੀ: 21-2-18

ਸੇਵਾ ਵਿਖੇ

ਪ੍ਰਿੰਸੀਪਲ/ਮੁੱਖ ਅਧਿਆਪਕ,
ਸਮੂਹ ਪ੍ਰੀਖਿਆ ਕੇਂਦਰ, ਸਰਕਾਰੀ ਆਈ.ਟੀ.ਆਈ./ਆਈ.ਟੀ.ਸੀ. (ਇ:), ਆਰਟ ਐਂਡ ਕਰਾਫਟ ਅਤੇ ਟੀਚਰ ਟਰੇਨਿੰਗ ਸੰਸਥਾਵਾਂ
ਪੰਜਾਬ ਰਾਜ ਅਧੀਨ।

ਵਿਸ਼ਾ: ਆਈ.ਟੀ.ਆਈ. ਸੰਸਥਾਵਾਂ ਵਿੱਚ ਪ੍ਰੀਖਿਆ February- 2018 ' **ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ ਐਸ.ਸੀ.ਵੀ.ਟੀ. ਟਰੇਡਾਂ, ਆਰਟ ਐਂਡ ਕਰਾਫਟ ਅਤੇ ਟੀਚਰ ਟਰੇਨਿੰਗ ਕੋਰਸਾਂ ਦੇ ਪ੍ਰਿਖਿਆ ਲਈ ਸਟੇਸ਼ਨਰੀ ਲੈਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਮੂਹ ਪ੍ਰੀਖਿਆ ਕੇਂਦਰਾਂ ਨੂੰ ਦਸਿਆ ਜਾਂਦਾ ਹੈ ਕਿ **ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ ਐਸ.ਸੀ.ਵੀ.ਟੀ. ਟਰੇਡਾਂ, ਆਰਟ ਐਂਡ ਕਰਾਫਟ ਅਤੇ ਟੀਚਰ ਟਰੇਨਿੰਗ ਕੋਰਸਾਂ ਦੀ** February-2018 **ਦੀ ਥਿਊਰੀ ਪ੍ਰੀਖਿਆ ਮਿਤੀ:-26-2-2018 ਤੋਂ ਸ਼ੁਰੂ ਹੋ ਰਹੀ ਹੈ।** ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਸੈਂਟਰ ਵਿਖੇ ਐਸ.ਸੀ.ਵੀ.ਟੀ. ਸਕੀਮ ਅਧੀਨ ਅਪੀਅਰ ਹੋਣ ਵਾਲੇ ਵਿਦਿਆਰਥੀਆਂ ਲਈ ਲੋੜੀਂਦੀਆਂ OMR ਸ਼ੀਟਾਂ ਅਤੇ ਗਰਾਫ ਪੇਪਰ ਅਤੇ ਬਾਰ ਕੋਡ ਆਂਸਰ ਬੁਕਸ ਬੋਰਡ ਦਫਤਰ ਤੋਂ **ਮਿਤੀ:-23 ਫਰਵਰੀ 2018 ਤੱਕ** ਹਰ ਹਾਲਤ ਵਿੱਚ ਪ੍ਰਾਪਤ ਕਰ ਲੈਣ ਤਾਂ ਜੋ ਪ੍ਰੀਖਿਆ ਸਮੇਂ ਸਿਰ ਸ਼ੁਰੂ ਕਰਵਾਈ ਜਾ ਸਕੇ। ਇਥੇ ਇਹ ਵੀ ਦੱਸਣਯੋਗ ਹੈ ਕਿ **ਇਸ ਵਾਰ ਐਸ.ਸੀ.ਵੀ.ਟੀ. ਟਰੇਡਾਂ, ਆਰਟ ਐਂਡ ਕਰਾਫਟ ਅਤੇ ਟੀਚਰ ਟਰੇਨਿੰਗ ਦੇ ਥਿਉਰੀ ਪੇਪਰ ਬਾਰ ਕੌਡ ਆਂਸਰ ਬੁਕਾਂ ਤੇ ਹੀ ਹੋਣੇ ਹਨ।** OMR ਉਤਰ ਕਾਪਿਆਂ ਐਸ ਸੀ ਵੀ ਟੀ ਵਾਲਿਆਂ ਹੀ ਵਰਤੀਆਂ ਜਾਣ।ਜੇ ਕਰ ਕੋਈ ਸੰਸਥਾ ਐਨ ਸੀ ਵੀ ਟੀ ਵਾਲੀਆਂ OMR ਉੱਤਰ ਕਾਪਿਆਂ **ਐਸ.ਸੀ.ਵੀ.ਟੀ. ਦੀ ਪੀਖ੍ਹਿਆ ਵਿੱਚ ਬਰਤਦੀਆਂ ਹਨ ਤਾਂ ਸੰਸਥਾ ਦੀ ਆਪਣੀ ਜਿਮੇਵਾਰੀ ਹੋਵਗੀ।** ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਮੁੱਖ ਪ੍ਰੀਖਿਆ ਕੇਂਦਰ ਆਪਣੀ ਸੰਸਥਾ ਦੀ ਡਿਮਾਂਡ ਅਤੇ ਆਪਣੇ ਅਧੀਨ ਆਉਂਦੀਆਂ ਸੰਸਥਾਵਾਂ ਨਾਲ ਤਾਲਮੇਲ ਕਰਕੇ ਉਹਨਾਂ ਦੀ ਡਿਮਾਂਡ ਨਾਲ consolidate(ਐਸ.ਸੀ.ਵੀ.ਟੀ. ਟਰੇਡਾਂ, ਆਰਟ ਐਂਡ ਕਰਾਫਟ ਅਤੇ ਟੀਚਰ ਟਰੇਨਿੰਗ ਕੋਰਸਾਂ) ਕਰਕੇ ਲੋੜੀਂਦੀ ਸਟੇਸ਼ਨਰੀ ਬੋਰਡ ਦਫਤਰ ਤੋਂ ਉਕਤ ਦਰਸਾਈ ਮਿਤੀ ਨੂੰ ਹਰ ਹਾਲਤ ਵਿੱਚ ਲੈਣਾ ਯਕੀਨੀ ਬਨਾਉਣਗੇ।

ਉਪਰੋਕਤ ਦਰਸਾਈ ਸਥਿਤੀ ਦੇ ਸਨਮੁੱਖ ਪ੍ਰੀਖਿਆਵਾਂ ਸੈਂਟਰਾ ਵਲੋਂ ਪ੍ਰੀਖਿਆਵਾਂ ਸ਼ੁਰੂ ਹੋਣ ਤੋਂ ਪਹਿਲਾਂ ਅਤੇ ਪ੍ਰੀਖਿਆ ਦੋਰਾਨ ਸਹੀ ਅਤੇ ਸੁੱਚਜੇ ਢੰਗ ਨਾਲ ਸਿਖਿਆਰਥੀਆਂ ਨੂੰ ਓ.ਐਮ.ਆਰ. ਸ਼ੀਟ ਭਰਨ ਸਬੰਧੀ ਸਮੇਂ ਸਮੇਂ ਤੇ ਰੁਟੀਨ ਵਿੱਚ ਉਚਿਤ ਟ੍ਰੇਨਿੰਗ ਦਿੱਤੀ ਜਾਵੇ। ਪ੍ਰੀਖਿਆ ਦੋਰਾਨ ਇਨਵੀਜੀਲੇਟਰ ਅਤੇ ਡਿਊਟੀ ਤੇ ਤੈਨਾਤ ਸਟਾਫ ਇਹ ਯਕੀਨੀ ਬਣਾਏ ਕਿ ਸਿਖਿਆਰਥੀਆਂ ਵਲੋਂ ਓ.ਐਮ.ਆਰ. ਸ਼ੀਟ ਵਿੱਚ ਰਜਿਸਟਰੇਸ਼ਨ ਨੰਬਰ, ਸਮੈਸਟਰ, ਸੈਸ਼ਨ, ਪੇਪਰ, ਪੇਪਰ ਕੋਡ ਆਦਿ ਸਹੀ ਭਰਿਆ ਹੈ, ਉਸੇ ਉਪਰੰਤ ਹੀ OMR ਤੇ ਹਸਤਾਖਰ ਕੀਤੇ ਜਾਣ। ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਦੀ ਸੂਰਤ ਵਿੱਚ ਸਬੰਧਤ ਸੰਸਥਾ ਵਿਰੁੱਧ ਰੂਲਾਂ ਅਨੁਸਾਰ ਯੋਗ ਕਾਰਵਾਈ ਆਰੰਭ ਦਿੱਤੀ ਜਾਵੇਗੀ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

21.2.18

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ.)
ਵਾਸਤੇ ਸਕੱਤਰ